1800 medicare

1800 633 422

# ਜਦੋਂ ਤੁਸੀਂ 1800MEDICARE ਨੂੰ ਫ਼ੋਨ ਕਰਦੇ ਹੋ, ਉਸ ਲਈ ਕਦਮ-ਦਰ-ਕਦਮ ਗਾਈਡ

1800MEDICARE ਆਸਟ੍ਰੇਲੀਆ ਵਿੱਚ ਹਰ ਕਿਸੇ ਲਈ 24/7 ਮੁਫ਼ਤ ਸਿਹਤ ਸੇਵਾ ਹੈ। ਮਾਹਰ ਸਿਹਤ ਸਲਾਹ ਅਤੇ ਸਹੀ ਦੇਖਭਾਲ ਲੱਭਣ ਵਿੱਚ ਮਦਦ ਲਈ ਇੱਕ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ 1800 633 422 'ਤੇ ਫ਼ੋਨ ਕਰੋ। ਤੁਸੀਂ medicare.gov.au/1800 'ਤੇ ਵੈੱਬਸਾਈਟ ਵੀ ਦੇਖ ਸਕਦੇ ਹੋ ਜਾਂ ਸੇਵਾ ਅਤੇ ਹੋਰ ਵੀ ਜ਼ਿਆਦਾ ਸਿਹਤ ਜਾਣਕਾਰੀ ਤੱਕ ਪਹੁੰਚ ਕਰਨ ਲਈ ਮੋਬਾਈਲ ਐਪ ਦੀ ਵਰਤੋਂ ਕਰ ਸਕਦੇ ਹੋ।

**ਐਮਰਜੈਂਸੀ ਵਿੱਚ, ਹਮੇਸ਼ਾ ਟ੍ਰਿਪਲ ਜ਼ੀਰੋ (000) 'ਤੇ ਕਾਲ ਕਰੋ ਜਾਂ ਸਿੱਧੇ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।**

## ਕਦਮ 1 – ਬਿਮਾਰ ਮਹਿਸੂਸ ਕਰ ਰਹੇ ਹੋ ਜਾਂ ਜਲਦੀ ਸਿਹਤ ਸਲਾਹ ਦੀ ਲੋੜ ਹੈ?

- ਪੱਕਾ ਪਤਾ ਨਹੀਂ ਕਿ ਕੀ ਕਰਨਾ ਹੈ
- ਮੇਰੇ ਆਮ ਡਾਕਟਰ ਦਾ ਕਲੀਨਿਕ ਬੰਦ ਹੈ।
- ਠੀਕ ਮਹਿਸੂਸ ਨਹੀਂ ਹੋ ਰਿਹਾ
- ਮੈਨੂੰ ਨਹੀਂ ਪਤਾ ਕਿ ਕਿੱਥੇ ਜਾਣਾ ਹੈ।

## ਕਦਮ 2 – 1800MEDICARE (1800 633 422) 'ਤੇ ਫ਼ੋਨ ਕਰੋ।

ਤੁਸੀਂ ਇਹਨਾਂ ਲਈ ਫ਼ੋਨ ਕਰ ਸਕਦੇ ਹੋ:

- ਆਪਣੇ ਆਪ ਲਈ
- ਤੁਹਾਡੇ ਬੱਚੇ ਲਈ
- ਪਰਿਵਾਰ ਦੇ ਕਿਸੇ ਜੀਅ ਲਈ
- ਕੋਈ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ

## ਕਦਮ 3 – ਨਰਸ ਤੁਹਾਨੂੰ ਸਹੀ ਦੇਖਭਾਲ ਬਾਰੇ ਦੱਸੇਗੀ, ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

**ਘਰ ਵਿੱਚ ਦੇਖਭਾਲ**
ਤੁਹਾਨੂੰ ਇਹ ਸਲਾਹ ਦਿੱਤੀ ਜਾ ਸਕਦੀ ਹੈ ਕਿ ਘਰ ਵਿੱਚ ਆਪਣੇ ਲੱਛਣਾਂ ਦਾ ਸੁਰੱਖਿਅਤ ਢੰਗ ਨਾਲ ਪ੍ਰਬੰਧਨ ਕਿਵੇਂ ਕਰਨਾ ਹੈ।

**ਜੀਪੀ ਕੋਲ ਜਾਓ**
ਤੁਹਾਨੂੰ ਜੀਪੀ ਕੋਲ ਜਾਂ ਸਿਹਤ ਕਲੀਨਿਕ ਵਿੱਚ ਭੇਜਿਆ ਜਾ ਸਕਦਾ ਹੈ। ਦਿਨ ਦੇ ਸਮੇਂ ਅਤੇ ਤੁਹਾਡੀ ਸਥਿਤੀ ਦੇ ਆਧਾਰ 'ਤੇ ਨਰਸ ਤੁਹਾਨੂੰ ਔਨਲਾਈਨ ਜੀਪੀ ਅੱਪਾਇੰਟਮੈਂਟ ਵੀ ਲੈ ਕੇ ਦੇ ਸਕਦੀ ਹੈ

**ਫਾਰਮੇਸੀ**
ਤੁਹਾਨੂੰ ਸਲਾਹ ਜਾਂ ਇਲਾਜ ਲਈ ਕਿਸੇ ਫਾਰਮੇਸੀ ਵਿੱਚ ਭੇਜਿਆ ਜਾ ਸਕਦਾ ਹੈ।

**ਜ਼ਰੂਰੀ ਜਾਂ ਐਮਰਜੈਂਸੀ ਦੇਖਭਾਲ**
ਜੇ ਲੋੜ ਹੋਵੇ, ਤਾਂ ਤੁਹਾਨੂੰ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਜਾਂ ਐਮਰਜੈਂਸੀ ਵਿਭਾਗ ਵਿੱਚ ਜਾਣ ਦੀ ਸਲਾਹ ਦਿੱਤੀ ਜਾ ਸਕਦੀ ਹੈ।

## ਕੀ ਤੁਹਾਨੂੰ ਆਪਣੀ ਭਾਸ਼ਾ ਵਿੱਚ ਸਹਾਇਤਾ ਦੀ ਲੋੜ ਹੈ?

- TIS ਨੈਸ਼ਨਲ ਨੂੰ **131 450** 'ਤੇ ਫ਼ੋਨ ਕਰੋ
- ਆਪਣੀ ਭਾਸ਼ਾ ਦੇ ਲਈ ਪੁੱਛੋ
- ਦੁਭਾਸ਼ੀਏ ਦੀ ਮੰਗ ਕਰੋ*
- 1800MEDICARE ਜਾਂ **1800 633 422** ਨਾਲ ਗੱਲ ਕਰਵਾਉਣ ਲਈ ਕਹੋ।

*ਦੁਭਾਸ਼ੀਏ ਦੀ ਸਹਾਇਤਾ ਮੁਫ਼ਤ ਹੈ

## ਹੋਰ ਜਾਣਕਾਰੀ

1800MEDICARE ਬਾਰੇ ਹੋਰ ਜਾਣਨ ਅਤੇ ਸਹੀ ਸਮੇਂ 'ਤੇ ਸਹੀ ਦੇਖਭਾਲ ਲੱਭਣ ਲਈ:

- 1800MEDICARE ਨੂੰ **1800 633 422** 'ਤੇ ਫ਼ੋਨ ਕਰੋ।
- medicare.gov.au/1800-translated-resources 'ਤੇ ਜਾਓ।
- 1800MEDICARE ਐਪ ਐਪ ਡਾਊਨਲੋਡ ਕਰੋ
- ਹੋਰ ਜਾਣਕਾਰੀ ਲਈ ਸਕੈਨ ਕਰੋ